# ਭਾਰਤ ਦਾ ਕੌਮੀ ਨਰਸਰੀ ਪੋਰਟਲ ਵਿਕਰੇਤਾ-ਖ਼ਰੀਦਾਰ ਆਪਸੀ ਤਾਲਮੇਲ ਨੂੰ ਬਣਾਏ ਆਸਾਨ

ਭਾਰਤ ਸਰਕਾਰ ਦੇ ਖੇਤੀਬਾੜੀ, ਸਹਿਕਾਰਤਾ ਅਤੇ ਕਿਸਾਨ ਭਲਾਈ ਵਿਭਾਗ ਨੇ ਬੂਟੇ ਲਾਉਣ ਦੀ ਸਮੱਗਰੀ ਨੂੰ ਵੇਚਣ ਜਾਂ ਖ਼ਰੀਦਣ ਲਈ ਨਰਸਰੀਆਂ ਅਤੇ ਖ਼ਰੀਦਾਰਾਂ ਨੂੰ ਜੋੜਨ ਲਈ ਇੱਕ ਔਨਲਾਈਨ ਬਜ਼ਾਰ ਬਣਾਇਆ ਹੈ।

ਫਲਾਂ, ਸਬਜ਼ੀਆਂ, ਫੁੱਲਾਂ, ਮਸਾਲਿਆਂ ਅਤੇ ਬੂਟਿਆਂ ਵਾਲੀਆਂ ਫ਼ਸਲਾਂ ਦੇ ਬੀਜ ਅਤੇ ਪੌਦ ਦੀ ਵਿਕਰੀ ਲਈ, ਮੰਤਰਾਲੇ ਦੇ ਰਾਸ਼ਟਰੀ ਬਾਗਬਾਨੀ ਬੋਰਡ (ਐਨ ਐਚ ਬੀ) ਦੀ ਅਗਵਾਈ ਹੇਠ, ਵੈੱਬ ਪੋਰਟਲ http://nnp.nhb.gov.in ਅਤੇ ਨੈਸ਼ਨਲ ਨਰਸਰੀ ਪੋਰਟਲ (ਐਨ ਐਨ ਪੀ) ਨਾਮਕ ਮੋਬਾਈਲ ਐਪਲੀਕੇਸ਼ਨ ਦਾ ਡਿਜੀਟਲ ਮੰਚ ਬਣਾਇਆ ਗਿਆ ਹੈ।

ਨਰਸਰੀ ਦੇ ਮਾਲਕ ਅਤੇ ਖ਼ਰੀਦਾਰ ਵੈੱਬ ਪੋਰਟਲ ਅਤੇ ਮੋਬਾਈਲ ਐਪਲੀਕੇਸ਼ਨ, ਜੋ ਕਿ ਗੂਗਲ ਪਲੇ ਸਟੋਰ ਅਤੇ ਆਈਓਐਸ ਐਪ ਸਟੋਰ ਦੋਵਾਂ 'ਤੇ ਉਪਲਬਧ ਹੈ, 'ਤੇ ਰਜਿਸਟਰ ਕਰ ਸਕਦੇ ਹਨ। ਫ਼ਿਲਹਾਲ, ਮੋਬਾਈਲ ਐਪਲੀਕੇਸ਼ਨ ਦੇ ਉਪਭੋਗਤਾ ਅੰਗਰੇਜ਼ੀ ਅਤੇ ਹਿੰਦੀ ਵਿੱਚ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ।

## ਐਨ ਐਨ ਪੀ ਦੇ ਉਦੇਸ਼

- ਮਿਆਰੀ ਪੌਦ ਸਮੱਗਰੀ ਦੀ ਉਪਲਬਧਤਾ ਦੀ ਸਹੂਲਤ ਦੇਣਾ।
- ਬਾਗਬਾਨੀ ਉਤਪਾਦਕਾਂ ਨੂੰ ਪੌਦਿਆਂ ਦੀ ਸਮੱਗਰੀ ਦੀ ਪੂਰਤੀ ਲਈ ਨਰਸਰੀਆਂ ਨੂੰ ਉਨ੍ਹਾਂ ਦੀਆਂ ਸਮਰੱਥਾਵਾਂ ਦੇ ਪ੍ਰਦਰਸ਼ਨ ਲਈ ਸਹੂਲਤ ਦੇਣਾ।
- ਨੇੜਲੇ ਇਲਾਕਿਆਂ ਅਤੇ ਰਾਜਾਂ ਵਿੱਚ ਵੱਖ-ਵੱਖ ਫ਼ਸਲਾਂ ਦੀ ਬਿਜਾਈ ਸਮੱਗਰੀ ਦੀ ਖ਼ਰੀਦ ਲਈ ਖ਼ਰੀਦਾਰਾਂ ਦੀ ਮਦਦ ਕਰਨਾ।

- ਨਰਸਰੀਆਂ ਬਾਰੇ ਜਾਣਕਾਰੀ ਲਈ ਤਸਵੀਰਾਂ, ਦਸਤਾਵੇਜ਼ ਅਤੇ ਅੰਕੜੇ ਪ੍ਰਦਾਨ ਕਰਨਾ ਜਿਸ ਵਿੱਚ ਨਰਸਰੀ ਦਾ ਬੁਨਿਆਦੀ ਢਾਂਚਾ, ਉਪਲਬਧ ਪੌਦੇ ਲਗਾਉਣ ਦੀ ਸਮੱਗਰੀ, ਮਾਨਤਾ ਅਤੇ ਦਰਜਾਬੰਦੀ, ਪ੍ਰਮਾਣੀਕਰਣ ਅਤੇ ਗੁਣਵੱਤਾ/ਵਿਸ਼ੇਸ਼ਤਾਵਾਂ ਵਰਗੇ ਵਿਸ਼ਿਆਂ ਦੀ ਇੱਕ ਵਿਸ਼ਾਲ ਸ਼੍ਰੇਣੀ ਨੂੰ ਸ਼ਾਮਲ ਕੀਤਾ ਗਿਆ ਹੈ।
- ਪੌਦਿਆਂ ਦੀ ਸਮੱਗਰੀ ਨਾਲ ਸਬੰਧਤ ਬਹੁਤ ਸਾਰੇ ਵਿਸ਼ਿਆਂ ਨੂੰ ਛੋਹਦੇ ਹੋਏ, ਜ਼ਰੂਰੀ ਜਾਣਕਾਰੀ ਬਾਰੇ ਨਿਯਮਿਤ ਤੌਰ 'ਤੇ ਰਜਿਸਟਰਡ ਉਪਭੋਗਤਾਵਾਂ ਨੂੰ ਸਚੇਤ ਕਰਨਾ।
- ਪੌਦ ਸਮੱਗਰੀ ਦੀ ਮੰਗ ਅਤੇ ਸਪਲਾਈ ਦੇ ਨਾਲ-ਨਾਲ ਅਨੁਮਾਨਿਤ ਮੰਗ ਸਮੇਤ ਵਸਤੂ ਸੂਚੀ ਦੀ ਅਸਲ-ਸਮੇਂ ਦੀ ਦਿੱਖ ਪ੍ਰਦਾਨ ਕਰਨਾ।
- ਨਰਸਰੀਆਂ ਨੂੰ ਮਾਨਤਾ ਪ੍ਰਾਪਤ ਕਰਨ ਅਤੇ ਆਪਣੇ ਕਾਰੋਬਾਰ ਨੂੰ ਵਧਾਉਣ ਲਈ ਆਪਣੇ ਬੁਨਿਆਦੀ ਢਾਂਚੇ ਨੂੰ ਅਪਗ੍ਰੇਡ ਕਰਨ ਲਈ ਉਤਸ਼ਾਹਿਤ ਕਰਨਾ।
- ਭਾਰਤ ਵਿੱਚ ਪ੍ਰਮਾਣਿਤ/ਮਾਨਤਾ ਪ੍ਰਾਪਤ ਨਰਸਰੀਆਂ ਅਤੇ ਸੰਭਾਵੀ ਖ਼ਰੀਦਾਰਾਂ ਦੀ ਇੱਕ ਡਾਇਰੈਕਟਰੀ ਉਪਲਬਧ ਕਰਵਾਉਣਾ।

## ਨਰਸਰੀ ਪੋਰਟਲ ਦੀਆਂ ਵਿਸ਼ੇਸ਼ਤਾਵਾਂ

- ਨਰਸਰੀਆਂ/ਖ਼ਰੀਦਾਰਾਂ ਦੀ ਰਜਿਸਟ੍ਰੇਸ਼ਨ
- ਭਾਰਤ ਵਿੱਚ ਮਾਨਤਾ ਪ੍ਰਾਪਤ/ਲਾਇਸੰਸਸ਼ੁਦਾ/ਹੋਰ ਨਰਸਰੀਆਂ ਦੀ ਡਾਇਰੈਕਟਰੀ
- ਨਰਸਰੀਆਂ ਨੂੰ ਆਪਣੀ ਰੂਪ ਰੇਖਾ ਨੂੰ ਪ੍ਰਦਰਸਿਤ ਕਰਨ ਲਈ ਲਈ ਮੰਚ
- ਨਰਸਰੀਆਂ ਵੱਲੋਂ ਵਿਕਰੀ ਦੀ ਪੇਸ਼ਕਸ਼ਾਂ ਕਰਨਾ
- ਖ਼ਰੀਦਾਰਾਂ ਵੱਲੋਂ ਖ਼ਰੀਦ ਸੰਬੰਧੀ ਪੁੱਛਗਿੱਛ ਕਰਨਾ
- ਵੇਚਣ ਦੀ ਪੇਸ਼ਕਸ਼ ਅਤੇ ਖ਼ਰੀਦਾਰੀ ਪੁੱਛਗਿੱਛ ਵਿਚਕਾਰ ਅਸਲ ਏਕੀਕਰਨ/ਮੇਲ ਕਰਨਾ
- ਨਰਸਰੀਆਂ ਅਤੇ ਖ਼ਰੀਦਾਰਾਂ ਵਿਚਕਾਰ ਸੰਚਾਰ ਮੰਚ

- ਗਿਆਨ ਪ੍ਰਸਾਰ: ਨਰਸਰੀ ਸਹਾਇਤਾ ਅਤੇ ਮਾਰਗ ਦਰਸ਼ਨ
- ਨੀਤੀ ਯੋਜਨਾਬੰਦੀ ਲਈ ਸਰਕਾਰੀ ਵਿਭਾਗਾਂ ਲਈ ਐਮ ਆਈ ਐਸ ਰਿਪੋਰਟਾਂ

ਐਨ ਐਨ ਪੀ ਦੀ ਵਰਤੋਂ ਹੇਠ ਲਿਖੇ ਹਿੱਸੇਦਾਰਾਂ ਵੱਲੋਂ ਕੀਤੀ ਜਾ ਸਕਦੀ ਹੈ, ਜਿਨ੍ਹਾਂ ਵਿੱਚੋਂ ਹਰੇਕ ਦੀ ਪੋਰਟਲ ਵਿੱਚ ਕਰਨ ਲਈ ਵੱਖਰੀ ਭੂਮਿਕਾ ਅਤੇ ਕਾਰਜ ਹਨ।

**ਨਰਸਰੀ ਮਾਲਕਾਂ ਦੇ ਕੰਮ**

- ਪੋਰਟਲ ਉੱਤੇ ਰਜਿਸਟਰ ਕਰਨਾ
- ਆਪਣੀ ਨਰਸਰੀ ਪ੍ਰੋਫਾਈਲ ਨੂੰ ਬਣਾਈ ਰੱਖਣਾ
- ਅਸਲ-ਸਮੇਂ ਦੇ ਭੰਡਾਰ ਦੀ ਸੂਚਨਾ ਪ੍ਰਦਾਨ ਕਰਨਾ
- ਵਿਕਰੀ ਲਈ ਪੇਸ਼ਕਸ਼ ਕਰਨਾ
- ਖ਼ਰੀਦਾਰਾਂ ਦੀ ਪੁੱਛਗਿੱਛ ਨੂੰ ਦੇਖਣਾ
- ਖ਼ਰੀਦਾਰਾਂ ਨਾਲ ਸੁਨੇਹਿਆਂ ਦਾ ਵਟਾਂਦਰਾ ਕਰਨਾ

**ਖ਼ਰੀਦਾਰਾਂ ਦੇ ਕੰਮ**

- ਪੋਰਟਲ ਉੱਤੇ ਰਜਿਸਟਰ ਕਰਨਾ
- ਪੁੱਛ-ਗਿੱਛ ਕਰਨਾ
- ਨਰਸਰੀਆਂ ਦੀ ਡਾਇਰੈਕਟਰੀ ਦੀ ਖੋਜ ਕਰਨਾ
- ਨਰਸਰੀਆਂ ਦੀ ਵਿਕਰੀ ਪੇਸ਼ਕਸ਼ ਦੇਖਣਾ
- ਨਰਸਰੀਆਂ ਨਾਲ ਸੁਨੇਹਿਆਂ ਦਾ ਵਟਾਂਦਰਾ ਕਰਨਾ
- ਨਰਸਰੀਆਂ ਵੱਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਬਾਰੇ ਫੀਡਬੈਕ ਪ੍ਰਦਾਨ ਕਰਨਾ

**ਸਰਕਾਰੀ ਵਿਭਾਗਾਂ/ਏਜੰਸੀਆਂ ਦੇ ਕੰਮ**

ਪੌਦ ਸਮੱਗਰੀ ਦੀ ਖ਼ਰੀਦ ਲਈ ਟੈਂਡਰ ਇਸ਼ਤਿਹਾਰ ਦੇਣਾ

**ਪ੍ਰਬੰਧਕਾਂ ਦੇ ਕੰਮ**

- ਨਰਸਰੀ ਰਜਿਸਟ੍ਰੇਸ਼ਨ ਦੀ ਨਿਗਰਾਨੀ ਅਤੇ ਮਨਜ਼ੂਰੀ ਦੇਣਾ
- ਪ੍ਰਧਾਨ ਅੰਕੜਿਆਂ ਦਾ ਪ੍ਰਬੰਧਨ ਕਰਨਾ
- ਪੋਰਟਲ ਦੀ ਨਿਗਰਾਨੀ ਕਰਨਾ
- ਐਮ ਆਈ ਐਸ ਰਿਪੋਰਟਾਂ ਦੀ ਖੋਜ ਕਰਨਾ ਅਤੇ ਦੇਖਣਾ